Australian Government

# ਮਲਟੀਕਲਚਰਲ ਫਰੇਮਵਰਕ ਰਵਿਊ (Multicultural Framework Review)

## ਮਲਟੀਕਲਚਰਲ ਫਰੇਮਵਰਕ ਰਵਿਊ ਪੇਸ਼ ਕਰਨਾ

ਆਸਟ੍ਰੇਲੀਆਈ ਸਰਕਾਰ ਨੂੰ ਮਲਟੀਕਲਚਰਲ ਫਰੇਮਵਰਕ ਰਿਵਿਊ ਦੀ ਰਿਪੋਰਟ ਜਾਰੀ ਕਰਕੇ ਖੁਸ਼ੀ ਮਹਿਸੂਸ ਹੋ ਰਹੀ ਹੈ।

ਇਹ ਸਮੀਖਿਆ ਆਸਟ੍ਰੇਲੀਆ ਦੇ ਬਹੁ-ਸੱਭਿਆਚਾਰਕ ਸਮਾਜ ਦੀ ਸਥਿਤੀ ਬਾਰੇ ਜਾਂਚ-ਪੜਤਾਲ ਕਰਦੀ ਹੈ, ਅਤੇ ਕਾਨੂੰਨਾਂ, ਨੀਤੀਆਂ ਅਤੇ ਸੰਸਥਾਗਤ ਸੈਟਿੰਗਾਂ ਵਿੱਚ ਤਬਦੀਲੀਆਂ ਕਰਨ ਦੀ ਸਿਫ਼ਾਰਸ਼ ਕਰਦੀ ਹੈ ਜੋ ਇਸ ਦੀਆਂ ਸ਼ਕਤੀਆਂ 'ਤੇ ਬਣਦੇ ਹਨ ਅਤੇ ਇਸਨੂੰ ਮੌਜੂਦਾ ਸਮੇਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਯੋਗ ਬਣਾਉਂਦੇ ਹਨ।

ਤਿੰਨ ਉੱਘੇ ਆਸਟ੍ਰੇਲੀਆਈ ਨਾਗਰਿਕਾਂ - ਡਾ. Bulent Hass Dellal AO, ਸ਼੍ਰੀਮਤੀ Nyadol Nyuon OAM ਅਤੇ ਸ਼੍ਰੀਮਤੀ Christine Castley - ਨੇ ਇਸ ਸਮੀਖਿਆ ਨੂੰ ਕੀਤਾ ਹੈ। ਇਸ ਸਮੀਖਿਆ ਪੈਨਲ ਦੀ ਇੱਕ ਜਾਣਕਾਰੀ ਨਾਲ ਲੈਸ ਅਤੇ ਸੰਬੰਧਿਤ ਸੰਦਰਭ ਸਮੂਹ ਦੁਆਰਾ ਸਹਾਇਤਾ ਕੀਤੀ ਗਈ ਸੀ: ਸ਼੍ਰੀਮਾਨ Osmond Chiu; ਸ਼੍ਰੀਮਤੀ Swati Dave; ਸ਼੍ਰੀਮਤੀ Rana Ebrahimi; ਸ਼੍ਰੀਮਾਨ Bachar Houli; ਸ਼੍ਰੀਮਾਨ John Kamara; ਸ਼੍ਰੀਮਤੀ Premila Levaci ਅਤੇ ਸ਼੍ਰੀਮਾਨ Mohammad Al-Khafaji।

ਸਰਕਾਰ ਨੇ ਇਸ ਸਮੀਖਿਆ ਬਾਰੇ ਜਾਣਕਾਰੀ ਪ੍ਰਕਾਸ਼ਿਤ ਕੀਤੀ ਸੀ ਅਤੇ 33 ਭਾਸ਼ਾਵਾਂ ਵਿੱਚ ਲਿਖਤੀ ਰੂਪ ਵਿੱਚ ਅਤੇ 35 ਭਾਸ਼ਾਵਾਂ ਵਿੱਚ ਆਡੀਓ ਫਾਰਮੈਟ ਵਿੱਚ ਰਾਏ-ਸੁਝਾਅ ਜਮ੍ਹਾਂ ਕਰਨ ਦਾ ਸੱਦਾ ਦਿੱਤਾ ਸੀ। ਇਸ ਪੈਨਲ ਨੂੰ 796 ਰਾਏ-ਸੁਝਾਅ ਦੀਆਂ ਬੇਨਤੀਆਂ ਪ੍ਰਾਪਤ ਹੋਈਆਂ ਸਨ, ਇਹ ਅੰਗਰੇਜ਼ੀ ਤੋਂ ਇਲਾਵਾ ਹੋਰ 126 ਭਾਸ਼ਾਵਾਂ ਵਿੱਚ ਸਨ, ਜਿਨ੍ਹਾਂ ਦਾ ਅਨੁਵਾਦ ਫਿਰ ਇਸ ਦੀ ਸੋਚ ਨੂੰ ਸੂਚਿਤ ਕਰਨ ਲਈ ਕੀਤਾ ਗਿਆ ਸੀ। ਇਸ ਨੇ 4 ਤੋਂ 24 ਸਾਲ ਦੀ ਉਮਰ ਦੇ ਯੁਵਾ ਲੋਕਾਂ ਨੂੰ ਵੀ ਸਾਡੇ ਬਹੁ-ਸੱਭਿਆਚਾਰਕ ਸਮਾਜ ਬਾਰੇ ਆਪਣੇ ਅਨੁਭਵਾਂ ਅਤੇ ਵਿਚਾਰਾਂ ਨੂੰ ਤਸਵੀਰਾਂ ਰਾਹੀਂ ਪ੍ਰਗਟ ਕਰਨ ਲਈ ਸੱਦਾ ਦਿੱਤਾ ਸੀ। ਉਹਨਾਂ ਦੀਆਂ 103 ਕਲਾਕ੍ਰਿਤੀਆਂ ਨੂੰ https://www.homeaffairs.gov.au/about-us/our-portfolios/multicultural-framework-review/online-art-exhibition 'ਤੇ ਦੇਖਿਆ ਜਾ ਸਕਦਾ ਹੈ।

## ਸਾਡੀ ਬਹੁ-ਸੱਭਿਆਚਾਰਕ ਸਫ਼ਲਤਾ ਦੀ ਕਹਾਣੀ ਨੂੰ ਕਾਇਮ ਰੱਖਣਾ

ਘੱਟੋ-ਘੱਟ 65,000 ਸਾਲਾਂ ਤੋਂ, ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੇ ਇਸ ਮਹਾਂਦੀਪ ਉੱਤੇ ਕਈ ਸੱਭਿਆਚਾਰਾਂ ਨੂੰ ਕਾਇਮ ਰੱਖਿਆ ਹੈ। ਉਹਨਾਂ ਨੇ ਬਸਤੀਵਾਦ ਦੇ ਸਮੇਂ ਤੋਂ ਹੀ ਉਹਨਾਂ ਨੂੰ ਖ਼ਤਮ ਕਰਨ ਦੀਆਂ ਪ੍ਰਣਾਲੀਗਤ ਅਤੇ ਕਈ ਵਾਰ ਹਿੰਸਕ ਕੋਸ਼ਿਸ਼ਾਂ ਦਾ ਵਿਰੋਧ ਕੀਤਾ ਹੈ। ਸਫ਼ਲ ਬਹੁ-ਸੱਭਿਆਚਾਰਵਾਦ ਫਸਟ ਨੇਸ਼ਨਜ਼ ਦੇ ਇਤਿਹਾਸ ਅਤੇ ਸੱਭਿਆਚਾਰਾਂ ਦੀ ਵਧੇਰੇ ਸਮਝ ਅਤੇ ਜਸ਼ਨ ਨਾਲ ਸ਼ੁਰੂ ਹੁੰਦਾ ਹੈ।

ਜਦੋਂ ਕਿ ਆਸਟ੍ਰੇਲੀਆ ਮਹਾਂਦੀਪ ਵਿੱਚ ਪ੍ਰਵਾਸ 1788 ਵਿੱਚ ਸ਼ੁਰੂ ਹੋਇਆ ਸੀ, 1945 ਤੋਂ ਲੈ ਕੇ, ਆਸਟ੍ਰੇਲੀਆ ਨੇ 7.5 ਮਿਲੀਅਨ ਪ੍ਰਵਾਸੀਆਂ ਦਾ ਸਵਾਗਤ ਕੀਤਾ ਹੈ, ਜਿਸ ਵਿੱਚ 950,000 ਤੋਂ ਵੱਧ ਸ਼ਰਨਾਰਥੀ ਅਤੇ ਮਨੁੱਖਤਾ ਦੀ ਲੋੜ ਵਾਲੇ ਲੋਕ ਸ਼ਾਮਿਲ ਹਨ। ਇਹ ਗਹਿਰੀਆਂ ਪਰ ਸ਼ਾਂਤੀਪੂਰਨ ਤਬਦੀਲੀਆਂ ਰਾਸ਼ਟਰੀ ਤਾਕਤ ਅਤੇ ਮਾਣ ਦਾ ਸਰੋਤ ਹਨ।

# ਇਸ ਸਮੀਖਿਆ ਤੋਂ ਨਿੱਕਲੀਆਂ ਮੁੱਖ ਲੱਭਤਾਂ

ਇਸ ਪੈਨਲ ਨੇ ਆਸਟ੍ਰੇਲੀਆ ਭਰ ਵਿੱਚ ਯਾਤਰਾ ਕੀਤੀ ਅਤੇ 1430 ਤੋਂ ਵੱਧ ਵਿਅਕਤੀਆਂ ਅਤੇ 750 ਸੰਸਥਾਵਾਂ ਨਾਲ ਸਲਾਹ-ਮਸ਼ਵਰਾ ਕੀਤਾ। ਬਹੁਤ ਸਾਰੀਆਂ ਸੂਝਾਂ ਵਿੱਚੋਂ, ਪੈਨਲ ਨੇ ਇਹ ਲੱਭਿਆ ਕਿ:

- ਜਦਕਿ ਸਰਕਾਰ ਨੂੰ ਭੇਦਭਾਵ ਨੂੰ ਰੋਕਣ, ਬਰਾਬਰ ਦੇ ਮੌਕੇ ਪ੍ਰਦਾਨ ਕਰਨ ਅਤੇ ਮਜ਼ਬੂਤ ਜਨਤਕ ਸੇਵਾਵਾਂ ਤੱਕ ਪਹੁੰਚ ਨੂੰ ਯਕੀਨੀ ਬਣਾਉਣ ਲਈ ਕਾਨੂੰਨ ਅਤੇ ਨੀਤੀਆਂ ਸਥਾਪਿਤ ਕਰਨੀਆਂ ਚਾਹੀਦੀਆਂ ਹਨ, ਪਰ ਉਹ ਸਾਰੇ ਲੋਕ ਜੋ ਆਸਟ੍ਰੇਲੀਆ ਨੂੰ ਆਪਣਾ ਘਰ ਕਹਿੰਦੇ ਹਨ, ਸਾਡੇ ਬਹੁ-ਸੱਭਿਆਚਾਰਕ ਸਮਾਜ ਨੂੰ ਕਾਇਮ ਰੱਖਣ ਦੀ ਜ਼ਿੰਮੇਵਾਰੀ ਸਾਂਝੀ ਕਰਦੇ ਹਨ।
- ਖੇਤਰੀ ਭਾਈਚਾਰਿਆਂ ਵਿੱਚ ਸੱਭਿਆਚਾਰਕ ਤੌਰ 'ਤੇ ਵਿਭਿੰਨਤਾ ਵੱਧ ਰਹੀ ਹੈ ਅਤੇ ਉਹ ਇਸ ਬਹੁ-ਸੱਭਿਆਚਾਰਕ ਕਹਾਣੀ ਦਾ ਇੱਕ ਮਹੱਤਵਪੂਰਨ ਹਿੱਸਾ ਹਨ।
- ਬਹੁਤ ਸਾਰੇ ਕਾਰਕ ਆਸਟ੍ਰੇਲੀਆਈ ਲੋਕਾਂ ਦੇ ਵਿਭਿੰਨਤਾ ਭਰੇ ਜੀਵਨ ਨੂੰ ਆਕਾਰ ਦਿੰਦੇ ਹਨ। ਸਰਕਾਰ ਨੂੰ ਨੀਤੀ ਬਣਾਉਂਦੇ ਸਮੇਂ ਭੇਦਭਾਵ ਦੇ ਇੱਕ ਦੂਜੇ ਨੂੰ ਕੱਟਣ ਵਾਲੇ ਰੂਪਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ।
- ਯੁਵਾ ਲੋਕ, ਜੋ ਆਸਟ੍ਰੇਲੀਆ ਦੇ ਬਹੁ-ਸੱਭਿਆਚਾਰਕ ਭਵਿੱਖ ਨੂੰ ਪਰਿਭਾਸ਼ਿਤ ਕਰਨਗੇ, ਨੂੰ ਲਾਜ਼ਮੀ ਤੌਰ 'ਤੇ ਨੀਤੀ-ਨਿਰਮਾਣ ਕਰਨ ਵਾਲੀਆਂ ਵਿਚਾਰਧਾਰਾਵਾਂ ਦੇ ਕੇਂਦਰ ਵਿੱਚ ਹੋਣਾ ਚਾਹੀਦਾ ਹੈ।

ਇਸ ਪੈਨਲ ਦੀਆਂ 29 ਸਿਫ਼ਾਰਿਸ਼ਾਂ ਇਸ ਸਮੀਖਿਆ ਦੇ ਤਿੰਨ ਮੁੱਖ ਸਿਧਾਂਤਾਂ ਤੋਂ ਉੱਭਰਦੀਆਂ ਹਨ:

- **ਸੰਬੰਧ** – ਸਰਕਾਰ ਅਤੇ ਭਾਈਚਾਰਿਆਂ ਦੇ ਸਾਰੇ ਪੱਧਰਾਂ ਵਿਚਕਾਰ ਲੀਡਰਸ਼ਿਪ, ਯੋਜਨਾਬੰਦੀ ਅਤੇ ਜਵਾਬਦੇਹੀ ਦੁਆਰਾ ਬਹੁ-ਸੱਭਿਆਚਾਰਕ ਆਸਟ੍ਰੇਲੀਆ ਦੀ ਨੀਂਹ ਸਥਾਪਿਤ ਕਰਨਾ।
- **ਪਛਾਣ ਅਤੇ ਆਪਣਾਪਣ** – ਅੰਗਰੇਜ਼ੀ ਭਾਸ਼ਾ ਦੇ ਪ੍ਰੋਗਰਾਮਾਂ, ਨਾਗਰਿਕਤਾ ਨੀਤੀ, ਅਤੇ ਕਲਾ, ਸੱਭਿਆਚਾਰ, ਖੇਡਾਂ ਅਤੇ ਮੀਡੀਆ ਵਿੱਚ ਭਾਗੀਦਾਰੀ ਕਰਨ ਰਾਹੀਂ ਇੱਕ ਸੁਆਗਤ ਕਰਨ ਵਾਲਾ ਆਸਟ੍ਰੇਲੀਆ ਬਣਾਉਣਾ।
- **ਸਮੂਲੀਅਤ** – ਜਨਤਕ ਸੇਵਾਵਾਂ ਵਿੱਚ ਸੱਭਿਆਚਾਰਕ ਸਮਰੱਥਾ ਦਾ ਨਿਰਮਾਣ ਕਰਨਾ, ਗ੍ਰਾਂਟ ਪ੍ਰੋਗਰਾਮਾਂ ਨੂੰ ਲੋੜ ਮੁਤਾਬਿਕ ਢੁੱਕਵਾਂ ਬਣਾਉਣਾ, ਡਿਜ਼ੀਟਲ ਸ਼ਮੂਲੀਅਤ ਅਤੇ ਇੱਕ ਮਜ਼ਬੂਤ ਭਾਸ਼ਾ ਸੇਵਾਵਾਂ ਦੇ ਖੇਤਰ ਨੂੰ ਯਕੀਨੀ ਬਣਾਉਣਾ, ਅਤੇ ਯੁਵਾਵਾਂ ਅਤੇ ਖੇਤਰੀ ਇਲਾਕਿਆਂ ਦੀਆਂ ਵਿਲੱਖਣ ਲੋੜਾਂ ਨੂੰ ਪੂਰਾ ਕਰਨਾ।

ਇਹ ਆਸਟ੍ਰੇਲੀਆਈ ਬਹੁ-ਸੱਭਿਆਚਾਰਵਾਦ ਦੀਆਂ ਹੁਣ ਤੱਕ ਕੀਤੀਆਂ ਗਈਆਂ ਸਮੀਖਿਆਵਾਂ ਵਿੱਚੋਂ ਸਭ ਤੋਂ ਵੱਧ ਅਹਿਮ ਅਤੇ ਵਿਚਾਰਸ਼ੀਲ ਹੈ। ਸਰਕਾਰ ਇਸ ਢਾਂਚੇ ਦੇ ਸਿਧਾਂਤਾਂ ਪ੍ਰਤੀ ਵਚਨਬੱਧ ਹੈ ਅਤੇ ਉਹਨਾਂ ਦੁਆਰਾ ਮਾਰਗਦਰਸ਼ਨ ਹਾਸਿਲ ਕਰੇਗੀ, ਜਿਵੇਂ-ਜਿਵੇਂ ਅਸੀਂ ਇਹ ਯਕੀਨੀ ਬਣਾਉਣ ਵਾਲੀ ਆਪਣੀ ਵਚਨਬੱਧਤਾ ਲਈ ਅੱਗੇ ਵਧਾਂਗੇ ਕਿ ਆਸਟ੍ਰੇਲੀਆ ਦੀਆਂ ਬਹੁ-ਸੱਭਿਆਚਾਰਕ ਸੈਟਿੰਗਾਂ ਸਾਰੇ ਆਸਟ੍ਰੇਲੀਆਈ ਲੋਕਾਂ ਦੀਆਂ ਪ੍ਰਤਿਭਾਵਾਂ ਤੋਂ ਲਾਭ ਉਠਾਉਂਦੀਆਂ ਹਨ।